# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 13 ਮਈ 2024 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗਜ਼ਲ ਮੰਚ ਸਰੀ ਵੱਲੋਂ ਸ਼ੋਕ ਮੀਟਿੰਗ ਰਾਹੀਂ ਮਹਾਨ ਸ਼ਾਇਰ ਸੁਰਜੀਤ ਪਾਤਰ ਨੂੰ ਯਾਦ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 13 ਮਈ : ਗਜ਼ਲ ਮੰਚ ਸਰੀ ਵੱਲੋਂ ਪੰਜਾਬੀ ਦੇ ਮਹਾਨ ਸ਼ਾਇਰ ਸੁਰਜੀਤ ਪਾਤਰ ਦੇ ਅਚਾਨਕ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਨ ਲਈ ਬੀਤੇ ਦਿਨ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਵਿੱਚ ਹੋਈ ਇਸ ਮੀਟਿੰਗ ਵਿੱਚ ਮੰਚ ਦੇ ਮੈਂਬਰਾਂ ਨੇ ਸੁਰਜੀਤ ਪਾਤਰ ਦੀ ਸ਼ਾਇਰੀ, ਉਹਨਾਂ ਦੇ ਜੀਵਨ, ਉਨ੍ਹਾਂ ਦੀ ਨਿਮਰ ਇਨਸਾਨੀ ਸ਼ਖ਼ਸੀਅਤ ਅਤੇ ਉਹਨਾਂ ਨਾਲ ਆਪੋ ਆਪਣੀ ਸਾਂਝ ਦੀ ਗੱਲਬਾਤ ਕੀਤੀ।



ਸਾਇਰ ਜਸਵਿੰਦਰ ਨੇ ਮਰਹੂਮ ਸੁਰਜੀਤ ਪਾਤਰ ਨਾਲ ਆਪਣੀ ਲੰਮੇ ਸਮੇਂ ਦੀ ਸਾਂਝ ਬਾਰੇ ਦੱਸਦਿਆਂ ਕਿਹਾ ਕਿ ਉਹਨਾਂ ਦੀ ਪੁਸਤਕ 'ਹਵਾ 'ਚ ਲਿਖੇ ਹਰਫ਼' ਪੜ੍ਹ ਕੇ ਹੀ ਅਸਲ ਵਿੱਚ ਸ਼ਾਇਰੀ ਦੀ ਸੋਝੀ ਹੋਈ। ਉਹਨਾਂ ਕਿਹਾ ਕਿ ਜਦੋਂ ਉਹ ਪਹਿਲੀ ਵਾਰ ਸੁਰਜੀਤ ਪਾਤਰ ਨੂੰ ਮਿਲੇ ਅਤੇ ਪਾਤਰ ਸਾਹਿਬ ਨੇ ਕਿਹਾ ਕਿ 'ਜਸਵਿੰਦਰ ਤੇਰੇ ਅੰਦਰ ਕਵਿਤਾ ਹੈ' ਤਾਂ ਏਨੇ ਵੱਡੇ ਸ਼ਾਇਰ ਦੇ ਇਹ ਸ਼ਬਦ ਉਨ੍ਹਾਂ ਦੀ ਸ਼ਾਇਰੀ ਲਈ ਵਰਦਾਨ ਬਣੇ ਅਤੇ ਉਸ ਦਿਨ ਤੋਂ ਉਨ੍ਹਾਂ ਆਪਣੇ ਆਪ ਨੂੰ ਕਵੀ ਮੰਨ ਲਿਆ ਸੀ। ਉਨਾਂ ਦੱਸਿਆ ਕਿ ਸੁਰਜੀਤ ਪਾਤਰ ਨਾਲ ਉਨਾਂ ਨੇ ਅਨੇਕਾਂ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਕੀਤੀ ਅਤੇ ਪਾਤਰ ਸਾਹਿਬ ਵੱਲੋਂ ਉਹਨਾਂ ਨੂੰ ਬੇਹਦ ਪਿਆਰ ਮਿਲਦਾ ਰਿਹਾ। ਜਸਵਿੰਦਰ ਨੇ ਕਿਹਾ ਕਿ 'ਮੈਂ ਇਕੱਲਾ ਨਹੀਂ ਸਗੋਂ ਉਸ ਮਹਾਨ ਸ਼ਾਇਰ ਦੀ ਰਚਨਾ ਤੋਂ ਸਾਡੀ ਪੀੜ੍ਹੀ ਦੇ ਸਾਰੇ ਸ਼ਾਇਰ ਹੀ ਬੇਹੱਦ ਪ੍ਰਭਾਵਿਤ ਹੋਏ ਹਨ। ਸਭ ਤੋਂ ਵੱਡੀ ਗੱਲ ਕਿ ਉਹ ਜਿੰਨੇ ਮਹਾਨ ਕਵੀ ਸਨ ਓਨੇ ਹੀ ਮਹਾਨ ਇਨਸਾਨ ਵੀ ਸਨ। ਹਰ ਇੱਕ ਨੂੰ ਉਹ ਪਿਆਰ, ਸਤਿਕਾਰ ਦਿੰਦੇ ਸਨ ਅਤੇ ਇਸੇ ਕਰਕੇ ਉਹਨਾਂ ਨੂੰ ਮਿਲਣ ਵਾਲਾ ਹਰ ਕੋਈ ਇਉਂ ਮਹਿਸੂਸ ਕਰਦਾ ਸੀ ਜਿਵੇਂ ਪਾਤਰ ਸਾਹਿਬ ਉਸ ਦੇ ਬਹੁਤ ਕਰੀਬ ਹਨ।

ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਨੇ ਕਿਹਾ ਕਿ ਪੰਜਾਬੀ ਵਿੱਚ ਚਾਰ ਸ਼ਾਇਰਾਂ (ਅੰਮ੍ਰਿਤਾ ਪ੍ਰੀਤਮ, ਪ੍ਰੋਫੈਸਰ ਮੋਹਨ ਸਿੰਘ, ਸ਼ਿਵ ਕੁਮਾਰ ਅਤੇ ਸੁਰਜੀਤ ਪਾਤਰ) ਨੂੰ ਬੇਹੱਦ ਮਾਣ ਅਤੇ ਮਕਬੂਲੀਅਤ ਮਿਲੀ ਹੈ ਅਤੇ ਸੁਰਜੀਤ ਪਾਤਰ ਦਾ ਇਨ੍ਹਾਂ ਚਾਰਾਂ ਵਿਚ ਉੱਘੜਵਾਂ ਨਾਮ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਅੱਜ ਪੰਜਾਬੀ ਵਿੱਚ ਜੇ ਗਜ਼ਲ ਏਨੀ ਮਕਬੂਲ ਹੋਈ ਹੈ ਤਾਂ ਇਸ ਵਿੱਚ ਸਭ ਤੋਂ ਵੱਡਾ ਯੋਗਦਾਨ ਸੁਰਜੀਤ ਪਾਤਰ ਹੋਰਾਂ ਦਾ ਹੈ। ਪਾਤਰ ਸਾਹਿਬ ਬਹੁਤ ਹੀ ਨਿਮਰ ਇਨਸਾਨ ਅਤੇ ਸਾਡੇ ਸਮਿਆਂ ਦੇ ਮਹਾਨ ਸ਼ਾਇਰ ਸਨ। ਰਾਜਵੰਤ ਰਾਜ ਨੇ ਕਿਹਾ ਕਿ ਮੈਨੂੰ ਆਪਣੇ ਆਪ ਵਿੱਚ ਏਨਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਕਪੂਰਥਲਾ ਵਿਖੇ ਜਿਸ ਕਾਲਜ ਵਿੱਚ ਸੁਰਜੀਤ ਪਾਤਰ ਹੋਰੀ ਪੜ੍ਹੇ ਸਨ ਉਸੇ ਕਾਲਜ ਵਿੱਚ ਮੈਂ ਵੀ ਪੜ੍ਹਿਆ ਹਾਂ। ਉਹਨਾਂ ਕਿਹਾ ਕਿ ਪਾਤਰ ਸਾਹਿਬ ਹਰ ਇੱਕ ਨੂੰ ਪਿਆਰ ਕਰਦੇ ਸਨ ਅਤੇ ਕਿਸੇ ਨੂੰ ਛੋਟਾ ਮਹਿਸੂਸ ਨਹੀਂ ਸਨ ਹੋਣ ਦਿੰਦੇ। ਉਹ ਸਾਹਿਤ ਪ੍ਰਤੀ ਬੇਹਦ ਸਮਰਪਿਤ ਸਨ ਕਿ 80 ਸਾਲ ਦੀ ਉਮਰ ਵਿੱਚ ਵੀ ਉਹ ਅਣਥੱਕ ਕਾਮੇ ਵਾਂਗ ਸਾਹਿਤਿਕ ਖੇਤਰ ਵਿੱਚ ਰੋਜ਼ਾਨਾ ਵਿਚਰਦੇ ਸਨ।

ਪ੍ਰੀਤ ਮਨਪ੍ਰੀਤ ਨੇ ਕਿਹਾ ਕਿ ਨਾਭਾ ਕਵਿਤਾ ਉਤਸਵ ਵਿੱਚ ਸੁਰਜੀਤ ਪਾਤਰ ਨਾਲ ਉਸ ਦੀ ਮੁਲਾਕਾਤ ਹੋਈ ਸੀ ਅਤੇ ਉਹਨਾਂ ਦੀ ਸ਼ਖ਼ਸੀਅਤ ਨੇ ਬਹੁਤ ਪ੍ਰਭਾਵਿਤ ਕੀਤਾ। ਉਹਨਾਂ ਦੀ ਮਹਾਨ ਸ਼ਾਇਰੀ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਗੁਰਮੀਤ ਸਿੱਧੂ ਨੇ ਪਾਤਰ ਸਾਹਿਬ ਦੀ ਕਵਿਤਾ ਦੀ ਮਹਾਨਤਾ ਬਾਰੇ ਗੱਲਬਾਤ ਕੀਤੀ ਅਤੇ ਕਨੇਡਾ ਵਿਖੇ ਉਹਨਾਂ ਨਾਲ ਹੋਈਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ। ਦਸ਼ਮੇਸ਼ ਗਿੱਲ ਫਿਰੋਜ਼ ਨੇ ਵੀ ਸੁਰਜੀਤ ਪਾਤਰ ਨੂੰ ਪੰਜਾਬੀ ਦਾ ਮਹਾਨ ਅਤੇ ਮਕਬੂਲ ਸ਼ਾਇਰ ਦੱਸਿਆ। ਦਵਿੰਦਰ ਗੌਤਮ ਨੇ ਕਿਹਾ ਕਿ ਜਦੋਂ ਉਹ ਰਣਧੀਰ ਕਾਲਜ ਕਪੂਰਥਲਾ ਵਿਖੇ ਪੜ੍ਹਨ ਸਮੇਂ ਬੈਸਟ ਕਵੀ ਚੁਣਿਆ ਗਿਆ ਤਾਂ ਉਸ ਨੂੰ ਇਨਾਮ ਵਿਚ ਮਿਲੀਆਂ ਚਾਰ ਕਿਤਾਬਾਂ ਵਿੱਚ ਦੋ ਕਿਤਾਬਾਂ ਸੁਰਜੀਤ ਪਾਤਰ ਦੀਆਂ ਸਨ ਅਤੇ ਉਨਾਂ ਦੀਆਂ ਇਹ ਕਿਤਾਬਾਂ ਪੜ੍ਹ ਕੇ ਹੀ ਉਸ ਨੂੰ ਪਤਾ ਲੱਗਿਆ ਕਿ ਸ਼ਾਇਰੀ ਕੀ ਹੁੰਦੀ ਹੈ। ਡਾ. ਰਣਦੀਪ ਮਲਹੋਤਰਾ ਅਤੇ ਪਰਖਜੀਤ ਸਿੰਘ ਨੇ ਪਾਤਰ ਸਾਹਿਬ ਦੀਆਂ ਰਚਨਾਵਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕਰਕੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

## ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਨੇ "ਮਾਂ ਦਿਵਸ" ਮਨਾਇਆ।

### "ਤੂੰ ਕਿਤਨੀ ਭੋਲੀ ਹੈ ਤੂ ਕਿੰਨੀ ਪਿਆਰੀ ਹੈ…" ਗਾ ਕੇ ਸਾਰਿਆਂ ਦੀਆਂ ਅੱਖਾਂ ਕੀਤੀਆਂ ਨਮ ।


ਵਰਲਡ ਪੰਜਾਬੀ ਟਾਈਮਜ਼ ਪਵਨ ਗੁਪਤਾ



ਅਹਿਮਦਗੜ੍ਹ 13 ਮਈ : ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਵੱਲੋਂ ਮਾਂ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਦੇ ਲਿਟਲ ਚੈਂਪਸ ਵੇਦਿਕਾ ਵਰਮਾ, ਮੰਜਿਸ਼ਠਾ ਗੁਪਤਾ, ਤੀਕਸ਼ਿਤਾ, ਲੋਮਿਸ਼ਾ ਭਾਵਨਾ, ਰਿਤਿਕ ਵਰਮਾ, ਗੀਤਾਕਸ਼ੀ, ਪਾਰਸ , ਵੰਸ਼, ਆਰਾਧਿਆ, ਗਾਇਤਰੀ ਜੋਸ਼ੀ, ਕ੍ਰਿਸ਼ੀਕਾ, ਯੇਸ਼ੂ ਸੂਦ, ਕ੍ਰਿਸ਼ਨਾ ਕਾਂਸਲ, ਆਦਿ ਨੇ ਆਪਣੀ ਮਾਂ ਲਈ ਅਤੇ ਪ੍ਰਭਾਤ ਫੇਰੀ ਵਿੱਚ ਮੌਜੂਦ ਸਾਰੀਆਂ ਮਾਵਾਂ ਲਈ ਸਰਪ੍ਰਾਈਜ਼ ਦੇ ਕੇ ਅਤੇ ਕੇਕ ਕੱਟ ਕੇ ਮਾਂ ਦਿਵਸ ਮਨਾਇਆ। ਇਸ ਮੌਕੇ ਭਜਨ ਗਾਇਕ ਰਿਤਿਕ ਵਰਮਾ ਨੇ ਗੀਤ "ਤੂੰ ਕਿਤਨੀ ਭੋਲੀ ਹੈ ਤੂ ਕਿੰਨੀ ਪਿਆਰੀ ਹੈ…" ਗਾ ਕੇ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ । ਲੈਕਚਰਾਰ ਲਲਿਤ ਗੁਪਤਾ ਨੇ ਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਸੀਂ ਇਸ ਦਿਨ ਨੂੰ ਮਾਂ ਦੀ ਕੁਰਬਾਨੀ, ਸਮਰਪਣ, ਯੋਗਦਾਨ ਅਤੇ ਉਨ੍ਹਾਂ ਦੇ ਪਿਆਰ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਮਨਾਉਂਦੇ ਹਾਂ। ਸ਼੍ਰੀ ਗੁਪਤਾ ਨੇ ਕਿਹਾ ਕਿ ਧਰਤੀ 'ਤੇ ਹਰ ਮਨੁੱਖ ਦੀ ਹੋਂਦ ਮਾਂ ਦੀ ਬਦੌਲਤ ਹੈ। ਮਨੁੱਖ ਧਰਤੀ 'ਤੇ ਉਦੋਂ ਹੀ ਆਉਂਦਾ ਹੈ ਜਦੋਂ ਉਸ ਦੀ ਮਾਂ ਉਸ ਨੂੰ ਜਨਮ ਦਿੰਦੀ ਹੈ ਅਤੇ ਮਾਂ ਦੇ ਪਿਆਰ, ਮਮਤਾ ਅਤੇ ਕਦਰਾਂ-ਕੀਮਤਾਂ ਰਾਹੀਂ ਮਨੁੱਖਤਾ ਦੇ ਗੁਣ ਸਿੱਖਦਾ ਹੈ। ਸਾਡੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਜੇਕਰ ਹਰ ਦਿਨ ਨਹੀਂ ਤਾਂ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਅਸੀਂ ਆਪਣੀ ਮਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਇਸ ਦਿਨ ਨੂੰ ਤਿਉਹਾਰ ਵਾਂਗ ਮਨਾ ਸਕਦੇ ਹਾਂ। ਪ੍ਰਧਾਨ ਰਮਨ ਸੂਦ ਨੇ ਕਿਹਾ ਕਿ ਸਾਡੀ ਹਰ ਸੋਚ ਅਤੇ ਜਜ਼ਬਾਤ ਪਿੱਛੇ ਸਾਡੀ ਮਾਂ ਵੱਲੋਂ ਬੀਜੀਆਂ ਕਦਰਾਂ-ਕੀਮਤਾਂ ਦਾ ਬੀਜ ਹੁੰਦਾ ਹੈ, ਜਿਸ ਕਾਰਨ ਅਸੀਂ ਚੰਗੇ ਇਨਸਾਨ ਦੀ ਸ਼੍ਰੇਣੀ ਵਿੱਚ ਆਉਂਦੇ ਹਾਂ। ਇਸ ਲਈ ਮਾਂ ਦਿਵਸ ਮਨਾਉਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਮੌਕੇ ਮੁਕੇਸ਼ ਮੋਰਵਾਲ, ਤੇਜ ਕਾਂਸਲ, ਹੈਪੀ ਬਾਬਾ ਜੀ, ਸੰਜੀਵ ਪਾਰਸ ਜਵੈਲਰ, ਸਰਿਤਾ ਸੋਫਤ, ਨੈਨਸੀ ਜਿੰਦਲ, ਬਬਲੀ ਜਿੰਦਲ, ਵੰਦਨਾ ਗਰਗ, ਰੀਤੂ ਗੋਇਲ, ਆਰਤੀ ਸ਼ਰਮਾ, ਸ਼ਸ਼ੀ ਜੋਸ਼ੀ, ਸ਼ਾਰਦਾ ਸਿੰਗਲਾ, ਵੇਦਿਕਾ ਵਰਮਾ, ਮੰਜਿਸ਼ਠਾ ਗੁਪਤਾ, ਮੀਨਾਕਸ਼ੀ ਗੁਪਤਾ, ਡਾ. ਰੀਟਾ ਰਾਣੀ, ਵਨੀਤਾ ਵਰਮਾ, ਸੁਸ਼ਮਾ ਵਰਮਾ, ਰਮੇਸ਼ ਘਈ, ਮਨੋਜ ਸ਼ਰਮਾ, ਰਾਮ ਦਿਆਲ, ਲਵੀਸ਼ ਕੁਮਾਰ, ਸ਼ੁਭਮ ਕੁਮਾਰ, ਮਨੋਜ ਕੁਮਾਰ, ਅਮਿਤ ਸੂਦ, ਰਿੰਕੂ ਸੂਦ, ਪਵਨ ਸੂਦ, ਰਮੇਸ਼ ਸਿੰਗਲਾ, ਰਜਿੰਦਰ ਗੋਇਲ, ਦੀਪਕ ਸਿੰਗਲਾ, ਰਾਜੀਵ ਰਾਜੂ, ਦੇਸ ਰਾਜ ਸ਼ਰਮਾ, ਨਿਸ਼ਾ ਗੋਇਲ ਸੁਨੀਤਾ ਜੋਸ਼ੀ, ਰਕਸ਼ਾ ਜੋਸ਼ੀ, ਅਨਿਲ ਜੋਸ਼ੀ, ਗਿਆਨੇਦਰ ਸਿੰਗਲਾ, ਸੇਠੀ ਇਲੈਕਟ੍ਰੀਕਲ, ਪ੍ਰਦੀਪ ਸੇਖਾ ਗੋਲੂ, ਰਿਤਿਕ ਵਰਮਾ, ਰਾਜੇਸ਼ ਜੋਸ਼ੀ ਹੈਪੀ, ਰਮਨ ਸੂਦ, ਤਰੁਣ ਸਿੰਗਲਾ, ਲੈਕਚਰਾਰ ਲਲਿਤ ਗੁਪਤਾ, ਅਨਿਲ ਜੋਸ਼ੀ, ਸੁਮਿਤ ਗਰਗ ਸਰਿਤਾ ਗਰਗ ਆਦਿ ਹਾਜ਼ਰ ਸਨ | ਇੱਥੇ ਇਹ ਵਿਸ਼ੇਸ਼ ਤੌਰ 'ਤੇ ਜ਼ਿਕਰ ਯੋਗ ਹੈ ਕਿ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਪਿਛਲੇ 7 ਸਾਲਾਂ ਤੋਂ ਹਰ ਰੋਜ਼ ਸਵੇਰੇ 5:00 ਵਜੇ ਦੁਰਗਾ ਮਾਤਾ ਮੰਦਿਰ ਤੋਂ ਪ੍ਰਭਾਤ ਫੇਰੀ ਕੱਢਦਾ ਆ ਰਿਹਾ ਹੈ।

## ਤਰਕਸ਼ੀਲ ਸੁਸਾਇਟੀ ਵਲੋਂ ਨਾਮਵਰ ਇਨਕਲਾਬੀ ਸ਼ਾਇਰ ਸੁਰਜੀਤ ਪਾਤਰ ਦੀ ਅਚਾਨਕ ਮੌਤ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼ ਸੁਮੀਤ ਅੰਮ੍ਰਿਤਸਰ



ਬਰਨਾਲਾ 13 ਮਈ : ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਵਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਕੀਤੀ ਗਈ ਇੱਕ ਸ਼ੋਕ ਸਭਾ ਵਿਚ ਨਾਮਵਰ ਇਨਕਲਾਬੀ ਸ਼ਾਇਰ ਸੁਰਜੀਤ ਪਾਤਰ ਜੀ ਦੇ ਅਚਨਚੇਤ ਸਦੀਵੀਂ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਾਵ ਭਿੰਨੀ ਸ਼ਰਧਾਂਜ਼ਲੀ ਭੇਂਟ ਕੀਤੀ ਗਈ

ਇਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ,ਹੇਮ ਰਾਜ ਸਟੈਨੋਂ,ਬਲਬੀਰ ਲੌਂਗੋਵਾਲ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ,ਸੁਮੀਤ ਅੰਮ੍ਰਿਤਸਰ ਅਤੇ ਜੋਗਿੰਦਰ ਕੁੱਲੇਵਾਲ ਨੇ ਸੁਰਜੀਤ ਪਾਤਰ ਦੀ ਮੌਤ ਨੂੰ ਸਾਹਿਤਕ ਜਗਤ ਅਤੇ ਜਮਹੂਰੀ ਲਹਿਰ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ। ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ,ਜਸਵੰਤ ਮੋਹਾਲੀ,ਜਸਵਿੰਦਰ ਫਗਵਾੜਾ, ਅਜੀਤ ਪ੍ਰਦੇਸੀ,ਗੁਰਪ੍ਰੀਤ ਸ਼ਹਿਣਾ ਅਤੇ ਸੰਦੀਪ ਧਾਰੀਵਾਲ ਭੋਜਾਂ ਨੇ ਸੁਰਜੀਤ ਪਾਤਰ ਵਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਕੁੱਝ ਸਾਲ ਪਹਿਲਾਂ ਬਣਾਏ ਟੀਵੀ ਲੜੀਵਾਰ "ਤਰਕ ਦੀ ਸਾਣ ਤੇ" ਵਿਚ ਲਿਖੇ ਟਾਈਟਲ ਗੀਤ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਵਲੋਂ ਪੰਜਾਬੀ ਮਾਂ ਬੋਲੀ ਅਤੇ ਸਿਹਤਮੰਦ ਸਭਿਆਚਾਰ ਦੇ ਖੇਤਰ ਵਿਚ ਪਾਏ ਅਮੁੱਲੇ ਇਨਕਲਾਬੀ ਯੋਗਦਾਨ ਨੂੰ ਯਾਦ ਕੀਤਾ।

ਇਸ ਮੌਕੇ ਸ਼ੋਕ ਸਭਾ ਵਿਚ ਹਾਜ਼ਰ ਪੰਜਾਬ ਦੇ ਵੱਖ ਵੱਖ ਜੋਨ ਆਗੂਆਂ ਮਾਸਟਰ ਪਰਮਵੇਦ ਸੰਗਰੂਰ,ਸੁਰਜੀਤ ਟਿੱਬਾ ਜਲੰਧਰ, ਸਤਪਾਲ ਸਲੋਹ ਨਵਾਂ ਸ਼ਹਿਰ,ਬਲਰਾਜ ਮੌੜ,ਮਾਸਟਰ ਲੱਖਾ ਸਿੰਘ ਮਾਨਸਾ, ਪ੍ਰਵੀਨ ਜੰਡਵਾਲਾ,ਰਾਮ ਕੁਮਾਰ ਪਟਿਆਲਾ,ਧਰਮ ਪਾਲ ਸਿੰਘ, ਸ਼ਲਿੰਦਰ ਸਿੰਘ ਨੇ ਵੀ ਸੁਰਜੀਤ ਪਾਤਰ ਨੂੰ ਸਰਧਾਂਜਲੀ ਭੇਂਟ ਕੀਤੀ ।

## ਬੀ.ਸੀ. ਅਸੈਂਬਲੀ ਵੱਲੋਂ ਗੁਰਗਿਆਨ ਫਾਊਂਡੇਸ਼ਨ ਦੇ ਸੰਚਾਲਕਾਂ ਦਾ ਸਨਮਾਨ

### ਫਾਊਂਡੇਸ਼ਨ ਵੱਲੋਂ ਕੈਂਸਰ ਦੇ ਖੋਜ ਕਾਰਜਾਂ ਲਈ ਇਕ ਮਿਲੀਅਨ ਫੰਡ ਇਕੱਠਾ ਕਰਨ ਦੀ ਸ਼ਲਾਘਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 13 ਮਈ : ਕੈਂਸਰ ਦੀ ਨਾਮੁਰਾਦ ਬੀਮਾਰੀ ਤੋਂ ਕੀਮਤੀ ਮਨੁੱਖੀ ਜਾਨਾਂ ਬਚਾਉਣ ਲਈ ਖੋਜ ਕਾਰਜ ਵਾਸਤੇ ਇਕ ਮਿਲੀਅਨ ਡਾਲਰ ਦੀ ਦਾਨ ਰਾਸ਼ੀ ਇਕੱਤਰ ਕਰ ਕੇ ਬੀ.ਸੀ. ਕੈਂਸਰ ਫਾਊਂਡੇਸ਼ਨ ਨੂੰ ਦੇਣ ਵਾਲੇ ਗੁਰਗਿਆਨ ਫਾਊਂਡੇਸ਼ਨ ਦੇ ਕਾਮਿਆਂ ਨੂੰ ਬੀਤੇ ਦਿਨ ਬੀ.ਸੀ. ਅਸੈਂਬਲੀ ਵਿਚ ਬੁਲਾ ਕੇ ਮਾਣ ਸਨਮਾਨ ਦਿੱਤਾ ਗਿਆ। ਇਨ੍ਹਾਂ ਕਾਮਿਆਂ ਨੂੰ ਮਾਨਤਾ ਦੁਆਉਣ ਦਾ ਕਾਰਜ ਕੁਈਨਜ਼ਬਰੋ ਦੇ ਐਮਐਲਏ ਅਮਨਦੀਪ ਸਿੰਘ ਨੇ ਕੀਤਾ।

ਐਮਐਲਏ ਅਮਨਦੀਪ ਸਿੰਘ ਨੇ ਗੁਰਗਿਆਨ ਫਾਊਂਡੇਸ਼ਨ ਦੇ ਬਾਨੀ ਇੰਦਰਜੀਤ ਸਿੰਘ ਬੈਂਸ, ਪ੍ਰਧਾਨ ਪ੍ਰੋ. ਅਵਤਾਰ ਸਿੰਘ ਵਿਰਦੀ ਅਤੇ ਜੇ. ਮਿਨਹਾਸ ਦੀ ਜਾਣ ਪਛਾਣ ਕਰਵਾਉਂਦਿਆਂ ਅਸੈਂਬਲੀ ਮੈਂਬਰਾਂ ਨੂੰ ਦੱਸਿਆ ਕਿ ਇੰਦਰਜੀਤ ਸਿੰਘ ਬੈਂਸ ਦੇ ਪੁੱਤਰ ਗੁਰਕੰਵਲਜੀਤ ਸਿੰਘ ਬੈਂਸ ਦੀ 18 ਸਾਲ ਦੀ ਉਮਰ ਵਿਚ ਕੈਂਸਰ ਕਾਰਨ ਮੌਤ ਹੋ ਗਈ ਸੀ ਅਤੇ ਇੰਦਰਜੀਤ ਸਿੰਘ ਨੇ ਉਸ ਦੀ ਮੌਤ ਉਪਰੰਤ ਲੋਕਾਂ ਵਿਚ ਕੈਂਸਰ ਪ੍ਰਤੀ ਚੇਤਨਾ ਪੈਦਾ ਕਰਨ ਵਾਸਤੇ ਗੁਰਗਿਆਨ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ। ਇਸ ਸੰਸਥਾ ਦੇ ਪ੍ਰਧਾਨ ਪ੍ਰੋ. ਅਵਤਾਰ ਵਿਰਦੀ, ਜੋ ਦੋ ਵਾਰ ਖ਼ੁਦ ਕੈਂਸਰ ਨੂੰ ਮਾਤ ਦੇ ਚੁੱਕੇ ਹਨ, ਨੇ ਕੈਂਸਰ ਦੇ ਵਧ ਰਹੇ ਪਰਪੋਕ ਤੋਂ ਲੋਕਾਂ ਨੂੰ ਸੁਚੇਤ ਕਰਨ ਅਤੇ ਇਸ ਦੇ ਇਲਾਜ ਲਈ ਖੋਜ ਕਾਰਜਾਂ ਵਾਸਤੇ ਫੰਡ ਇਕੱਠਾ ਕਰਨ ਦੇ ਉਦੇਸ਼ ਨਾਲ 2022 ਵਿਚ ਕੈਨਡਾ ਭਰ ਦੇ ਪ੍ਰਮੁੱਖ ਸ਼ਹਿਰਾਂ ਵਿਚ ਵਾਕ ਕਰ ਕੇ 51 ਹਜਾਰ ਡਾਲਰ ਫੰਡ ਇਕੱਤਰ ਕੀਤਾ ਸੀ ਅਤੇ ਪ੍ਰੋ. ਵਿਰਦੀ ਨੇ ਜਤਿੰਦਰ ਜੇ. ਮਿਨਹਾਸ ਜਿਹੇ ਸਹਿਯੋਗੀਆਂ ਦੀ ਪ੍ਰੇਰਨਾ ਨਾਲ ਇਸ ਕਾਰਜ ਨੂੰ ਜਾਰੀ ਰਖਦਿਆਂ ਬੀ ਸੀ ਕੈਂਸਰ ਫਾਊਂਡੇਸ਼ਨ ਨੂੰ ਇਕ ਮਿਲੀਅਨ ਡਾਲਰ ਤੋਂ ਵੱਧ ਰਾਸ਼ੀ ਇਕੱਤਰ ਕਰ ਕੇ ਦਿੱਤੀ ਅਤੇ ਬੀਸੀ ਕੈਂਸਰ ਫਾਊਂਡੇਸ਼ਨ ਲਈ ਕੈਂਸਰ ਦੀ ਲੜਾਈ ਲੜਨ ਵਾਲੇ 17 ਸਾਲਾ ਹੀਰੋ ਟੈਰੀ ਫੌਕਸ ਦੇ ਅਧੂਰੇ ਕਾਰਜ 'ਅੰਧ ਮਹਾਂਸਾਗਰ ਦੇ ਪਾਣੀ ਦੀ ਇੱਕ ਬੋਤਲ ਸੇਂਟ ਜੋਂਸ, ਨਿਊ ਫਿਨਲੈਂਡ ਅਤੇ ਲੈਬਰਾਡੋਰ ਤੋਂ ਲਿਆ ਕੇ ਵੈਨਕੂਵਰ ਦੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਪਾਉਣੀ (ਜੋ ਕੈਨੇਡਾ ਦਾ ਮੋਟੋ ਵੀ ਹੈ 'From sea to sea')' ਜੋ ਪ੍ਰੋ. ਵਿਰਦੀ ਨੇ ਪੂਰਾ ਕੀਤਾ।




ਅਸੈਂਬਲੀ ਮੈਂਬਰਾਂ ਨੇ ਤਾੜੀਆਂ ਦੀ ਭਰਪੂਰ ਦਾਦ ਨਾਲ ਗੁਰਗਿਆਨ ਫਾਊਂਡੇਸ਼ਨ ਦੇ ਇਨ੍ਹਾਂ ਸਮਾਜ ਸੇਵਕਾਂ ਦੇ ਮਹਾਨ ਕਾਰਜ ਦੀ ਸ਼ਲਾਘਾ ਕੀਤੀ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ, ਲੇਬਰ ਮਨਿਸਟਰ ਹੈਰੀ ਬੈਂਸ, ਸਪੀਕਰ ਰਾਜ ਚੌਹਾਨ ਅਤੇ ਐਮਐਲਏ ਜਿੰਨੀ ਸਿਮਜ਼ ਨੇ ਫਾਊਂਡੇਸ਼ਨ ਦੇ ਪ੍ਰਤੀਨਿਧੀਆਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਵੱਲੋਂ ਕੈਂਸਰ ਦੀ ਰੋਕਥਾਮ ਲਈ ਕੀਤੇ ਕਾਰਜ ਨੂੰ ਮਹਾਨ ਕਾਰਜ ਕਿਹਾ। ਇਸ ਮੌਕੇ ਫਾਊਂਡੇਸ਼ਨ ਦੇ ਕਾਰਜ ਵਿਚ ਆਪਣੀਆਂ ਸੇਵਾਵਾਂ ਦੇਣ ਵਾਲੇ ਪ੍ਰੋ. ਅਵਤਾਰ ਸਿੰਘ ਵਿਰਦੀ ਦੇ ਪਰਿਵਾਰ ਮੈਂਬਰ ਰਣਜੀਤ ਕੌਰ ਵਿਰਦੀ (ਪਤਨੀ), ਐਂਡੀ ਵਿਰਦੀ ਤੇ ਨੋਰਿਸ ਵਿਰਦੀ (ਸਪੁੱਤਰ) ਅਤੇ ਮਨਮੀਤ ਕੌਰ ਵਿਰਦੀ (ਨੂੰਹ) ਵੀ ਅਸੈਂਬਲੀ ਵਿਚ ਮੌਜੂਦ ਸਨ। ਇਸੇ ਦੌਰਾਨ ਫਾਊਂਡੇਸ਼ਨ ਦੇ ਆਗੂ ਇੰਦਰਜੀਤ ਸਿੰਘ ਬੈਂਸ, ਪ੍ਰੋ. ਅਵਤਾਰ ਸਿੰਘ ਵਿਰਦੀ ਅਤੇ ਜਤਿੰਦਰ ਜੇ. ਮਿਨਹਾਸ ਨੇ ਫੰਡ ਰੇਜ਼ਿੰਗ ਦੇ ਕਾਰਜ ਲਈ ਸਹਿਯੋਗ ਦੇਣ ਵਾਲੇ ਸਭਨਾਂ ਦਾਨੀਆਂ ਅਤੇ ਮੀਡੀਆ ਦਾ ਧੰਨਵਾਦ ਕੀਤਾ।

## ਮੇਰੇ ਨਵੇਂ ਗੀਤ 'ਸਵਾਦ' ਨੂੰ ਹਰ ਪਾਸਿਓ ਭਰਵਾਂ ਪਿਆਰ ਮਿਲ ਰਿਹੈ: ਹਰਿੰਦਰ ਸੰਧੂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫ਼ਰੀਦਕੋਟ, 13 ਮਈ : ਪੰਜਾਬੀ ਗਾਇਕੀ 'ਚ ਸਾਫ਼-ਸੁਥਰੇ ਗੀਤਾਂ, ਲੋਕ ਗਥਾਵਾਂ ਨੂੰ ਹਮੇਸ਼ਾ ਹਿੱਕ ਦੇ ਜ਼ੋਰ ਨਾਲ ਗਾ ਕੇ ਅਲੱਗ ਪਹਿਚਾਣ ਬਣਾਉਣ ਵਾਲੇ ਲੋਕ ਗਾਇਕ ਹਰਿੰਦਰ ਸੰਧੂ ਨੇ ਦੱਸਿਆ ਕਿ ਮਾਂ ਦਿਵਸ ਨੂੰ ਸਮਰਪਿਤ ਉਨ੍ਹਾਂ ਦਾ ਨਵਾਂ ਗੀਤ ਸਵਾਦ (ਟੇਸਟ) ਨੂੰ ਹਰ ਪਾਸਿਓ ਭਰਵਾਂ ਪਿਆਰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਮੇਰੇ ਕੰਪੋਜ਼ ਕੀਤੇ ਗੀਤ 'ਸਵਾਦ' ਨੂੰ ਮਨਜਿੰਦਰ ਬੈਂਸ ਭਾਗੋਕਾਵਾਂ ਨੇ ਲਿਖਿਆ ਹੈ। ਗੀਤ ਦਾ ਸੰਗੀਤ ਹਰੀ-ਅੰਮ੍ਰਿਤ ਨੇ ਤਿਆਰ ਕੀਤਾ ਹੈ। ਗੀਤ ਦੀ ਮਿਕਸਿੰਗ ਅਤੇ ਮਾਸਟਰਿੰਗ ਸੰਨੀ ਸਵੈਨ ਨੇ ਕੀਤੀ ਹੈ। ਇਸ ਦੀ ਵੀਡੀਓ ਨਿਊਜ਼ੀਲੈਂਡ ਦੀਆਂ ਸੁੰਦਰ ਲੁਕੇਸ਼ਨਾਂ ਤੇ ਜੌਕਰ ਕ੍ਰੀਏਸ਼ਨ ਵੱਲੋਂ ਤਿਆਰ ਕੀਤਾ ਗਿਆ। ਇਸ ਲਈ ਹਰਦੇਵ ਬਰਾੜ ਨਿਊਜ਼ੀਲੈਂਡ ਅਤੇ ਟੀਮ ਰਾਜਿੰਦਰ ਨੇ ਵਿਸ਼ੇਸ਼ ਸਹਿਯੋਗ ਦਿੱਤਾ ਹੈ। ਉਨ੍ਹਾਂ ਦੱਸਿਆ ਗੀਤ ਰਾਹੀਂ ਮਾਂ ਦੇ ਹੱਥਾਂ ਨਾਲ ਤਿਆਰ ਕੀਤੇ ਪਕਵਾਨਾਂ ਨੂੰ ਯਾਦ ਕਰਦਿਆਂ ਨੌਜਵਾਨ ਨੂੰ ਸਾਡੇ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਪ੍ਰੀਵਾਰਿਕ ਰਿਸ਼ਤਿਆਂ ਨਾਲ ਜੁੜੇ ਗੀਤ ਹਮੇਸ਼ਾ ਰੂਹ ਨੂੰ ਸਕੂਨ ਦਿੰਦੇ ਹਨ। ਇਸ ਲਈ ਭਵਿੱਖ 'ਚ ਅਜਿਹੇ ਗੀਤ ਨਿਰੰਤਰ ਸਰੋਤਿਆਂ ਲਈ ਗਾਏ ਜਾਣਗੇ। ਇਸ ਮੌਕੇ ਲੋਕ ਗਾਇਕ ਸੁਰਜੀਤ ਗਿੱਲ ਅਤੇ ਮੰਚ ਸੰਚਾਲਕ ਜਸਬੀਰ ਸਿੰਘ ਜੱਸੀ ਵੀ ਹਾਜ਼ਰ ਸਨ।

## ਪੁਲਿਸ ਪਬਲਿਕ ਸਕੂਲ ਚ ਮਨਾਇਆ "ਮਾਂ ਦਿਵਸ"

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 13 ਮਈ : ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਏ ਜਾਣ ਵਾਲੇ "ਮਾਂ ਦਿਵਸ" ਨੂੰ ਸਮਰਪਿਤ ਸਥਾਨਕ ਪੁਲਿਸ ਪਬਲਿਕ ਸਕੂਲ ਵਿਖੇ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ ਗਈ। ਇਸ ਮੌਕੇ 6ਵੀਂ ਤੋਂ ਲੈਕੇ 8ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਭਾਸ਼ਣ ਕਵਿਤਾ, ਸਕਿੱਟ ਅਤੇ ਨਾਚ ਪੇਸ਼ ਕੀਤੇ ਗਏ।




ਇਸ "ਮਾਂ ਦਿਵਸ" ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੁਆਰਾ ਮਾਂ ਵੱਲੋਂ ਕੀਤੀ ਜਾਣ ਵਾਲੀ ਮੇਹਨਤ ਅਤੇ ਸੰਘਰਸ਼ ਨੂੰ ਮੱਦੇਨਜ਼ਰ ਰੱਖਣ ਵਾਲੇ ਗੀਤ "ਗੂੜੀਆਂ ਛਾਵਾਂ ਲਭਦੀਆਂ ਨਹੀਂ" ਅਤੇ "ਮਾਂ ਹੁੰਦੀ ਹੈ ਮਾਂ ਓਏ ਦੂਨੀਆਂ ਵਾਲਿਓ" ਸੁਰੀਲੀ ਅਵਾਜ਼ ਵਿੱਚ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਦਰਸ਼ਕਾਂ ਨੂੰ ਭਾਵੁਕ ਕਰਨ ਵਾਲਾ ਨਾਟਕ ਪੇਸ਼ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਨੇ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਕਰਚਮਾਰੀਆਂ ਨੂੰ ਮਾਂ ਦਿਵਸ ਦੀ ਵਧਾਈ ਦਿੰਦਿਆਂ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਨੂੰ ਸਤਿਕਾਰ ਦੇਣ, ਬੁਢਾਪੇ ਵਿੱਚ ਉਨ੍ਹਾਂ ਦੀ ਸੇਵਾ ਅਤੇ ਸਾਂਭ-ਸੰਭਾਲ ਕਰਨ ਤੋਂ ਇਲਾਵਾ ਉਨ੍ਹਾਂ ਦੁਆਰਾ ਦਿੱਤੀਆਂ ਸਿਖਿਆਵਾਂ ਤੇ ਚੱਲਣ ਲਈ ਜਾਗਰੂਕ ਕੀਤਾ ਗਿਆ।

# *ਸਿਰਮੌਰ ਪੰਜਾਬੀ ਕਵੀ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

## ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ ਅੰਤਿਮ ਸੰਸਕਾਰ

## *ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਰਥੀ ਨੂੰ ਮੋਢਾ ਦਿੱਤਾ।

## ਸਮਾਜ ਦੇ ਹਰ ਵਰਗ ਦੀਆਂ ਨਾਮੀ ਸਖਸ਼ੀਅਤਾਂ ਵੱਲੋਂ ਸਿਰਕੱਢ ਸ਼ਾਇਰ ਨੂੰ ਫੁੱਲ ਮਾਲਾਵਾਂ ਭੇਂਟ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 13 ਮਈ: ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਤੇ ਉੱਘੇ ਪੰਜਾਬੀ ਕਵੀ ਅਤੇ ਪਦਮ ਸ੍ਰੀ ਡਾ: ਸੁਰਜੀਤ ਪਾਤਰ (79)ਜਿਨ੍ਹਾਂ ਦਾ 11ਮਈ ਸਵੇਰੇ ਦੇਹਾਂਤ ਹੋ ਗਿਆ ਸੀ,ਉਨ੍ਹਾਂ ਦਾ ਅੱਜ ਅੰਤਿਮ ਸਸਕਾਰ ਮਾਡਲ ਟਾਊਨ ਐਕਸਟੈਨਸ਼ਨ ਸ਼ਮਸ਼ਾਨਘਾਟ, ਲੁਧਿਆਣਾ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ।

ਵੱਡੀ ਗਿਣਤੀ ਵਿੱਚ ਦੇਸ਼ ਬਦੇਸ਼ ਤੋਂ ਜੁੜੇ ਕਦਰਦਾਨਾਂ, ਪਾਠਕਾਂ, ਲੇਖਕਾਂ ਕੇ ਰਿਸ਼ਤੇਦਾਰਾਂ ਵੱਲੋਂ ਨਮ ਅੱਖਾਂ ਨਾਲ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮਾਜ ਦੇ ਹਰ ਵਰਗ ਦੀਆਂ ਨਾਮੀ ਸਖਸ਼ੀਅਤਾਂ ਵੱਲੋਂ ਮਰਹੂਮ ਸ਼ਾਇਰ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ।



ਉੱਘੇ ਪੰਜਾਬੀ ਲੇਖਕ ਅਤੇ ਕਵੀ ਸੁਰਜੀਤ ਪਾਤਰ ਦੇ ਪੰਜ ਭੂਤਕ ਸਰੀਰ ਨੂੰ ਲੈ ਕੇ ਅੰਤਿਮ ਯਾਤਰਾ ਉਨ੍ਹਾਂ ਦੇ ਲੁਧਿਆਣਾ ਦੇ 46-47 ਆਸ਼ਾ ਪੁਰੀ ਸਥਿਤ ਨਿਵਾਸ ਸਥਾਨ ਤੋਂ ਚੱਲੀ ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ, ਸਾਕ-ਸਨੇਹੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੇਖਕ ਭਾਈਚਾਰਾ ਅਤੇ ਸਾਹਿਤ ਪ੍ਰੇਮੀ ਸ਼ਾਮਲ ਸਨ।



ਸ਼ਮਸ਼ਾਨ ਘਾਟ ਵਿਖੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਪੂਰੇ ਸਰਕਾਰੀ ਸਨਮਾਨਾਂ ਨਾਲ ਹਥਿਆਰ ਪੁੱਠੇ ਕਰਕੇ ਸਲਾਮੀ ਦਿੱਤੀ ਗਈ ਤੇ ਹਵਾਈ ਫਾਇਰ ਕੀਤੇ ਗਏ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੁਰਜੀਤ ਪਾਤਰ ਦੇ ਪੰਜ ਭੂਤਕ ਸਰੀਰ ਦੇ ਚਰਨਾਂ ਵਿੱਚ ਪੁਸ਼ਪ ਚੱਕਰ ਰੱਖਿਆ ਗਿਆ ਅਤੇ ਦੋਸ਼ਾਲਾ ਭੇਂਟ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਏ ਡੀ ਸੀ (ਆਮ ਪ੍ਰਸ਼ਾਸਨ) ਮੇਜਰ ਅਮਿਤ ਸਰੀਨ, ਡਾਇਰੈਕਟਰ ਟੂਰਿਜਮ ਤੇ ਸੱਭਿਆਚਾਰਕ ਮਾਮਲੇ ਨੀਰੂ ਕਤਿਆਲ ਆਈ ਏ ਐੱਸ ਨੇ ਵੀ ਫੁੱਲ ਮਾਲਾਵਾਂ ਭੇਂਟ ਕੀਤੀਆਂ।

ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰਾਂ ਅੰਕੁਰ ਸਿੰਘ ਪਾਤਰ ਅਤੇ ਮਨਰਾਜ ਸਿੰਘ ਪਾਤਰ ਨੇ ਦਿੱਤੀ। ਇਸ ਮੌਕੇ ਉਨ੍ਹਾਂ ਦੀ ਪਤਨੀ ਭੁਪਿੰਦਰ ਕੌਰ ਪਾਤਰ ਤੇ ਸਾਕ-ਸਬੰਧੀ ਵੀ ਹਾਜ਼ਰੀ ਸਨ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ ਵੱਲੋਂ ਅੰਤਿਮ ਅਰਦਾਸ ਕੀਤੀ ਗਈ।

ਇਸ ਮੌਕੇ ਸੁਰਜੀਤ ਪਾਕਤ ਦੇ ਨਿੱਕੇ ਵੀਰ ਉਪਕਾਰ ਸਿੰਘ,ਸੰਸਦ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਮੁਹੰਮਦ ਸਦੀਕ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਦਲਜੀਤ ਸਿੰਘ ਗਰੇਵਾਲ, ਤਰੁਣਪ੍ਰੀਤ ਸਿੰਘ ਸੌਂਦ, ਕੁਲਵੰਤ ਸਿੰਘ ਸਿੱਧੂ, ਸਾਬਕਾ ਐਮਪੀ ਜਗਮੀਤ ਸਿੰਘ ਬਰਾੜ, ਅਮਰੀਕ ਸਿੰਘ ਆਲੀਵਾਲ, ਕਾਮਰੇਡ ਰਾਜੂ ਐਡਵੋਕੇਟ ਜਗਰਾਉਂ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ, ਕ੍ਰਿਸ਼ਨ ਕੁਮਾਰ ਬਾਵਾ ਤੇ ਅਮਰਜੀਤ ਸਿੰਘ ਟਿੱਕਾ, ਗੁਰਦੇਵ ਸਿੰਘ ਲਾਪਰਾਂ, ਸਤਿਬੀਰ ਸਿੰਘ ਸਿੱਧੂ ਟੋਰੰਟੋ, ਉੱਘੇ ਸਿੱਖਿਆ ਸਾਸ਼ਤਰੀ ਪਦਮ ਭੂਸ਼ਣ ਸਰਦਾਰਾ ਸਿੰਘ ਜੌਹਲ, ਪੀਏਯੂ ਦੇ ਵਾਈਸ ਚਾਂਸਲਰ ਸਤਿਬੀਰ ਸਿੰਘ ਗੋਸਲ, ਸਾਹਿਤ ਜਗਤ ਦੀਆਂ ਨਾਮੀ ਸਖਸ਼ੀਅਤਾਂ ਵਿੱਚੋਂ ਹਰਜਿੰਦਰ ਸਿੰਘ ਥਿੰਦ ਰੇਡੀਓ ਰੈੱਡ ਐੱਫ ਐੱਮ ਸਰੀ ਕੈਨੇਡਾ, ਬਲਦੇਵ ਸਿੰਘ ਸੜਕਨਾਮਾ, ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ ਸਰਬਜੀਤ ਸਿੰਘ, ਸ਼ਮਸ਼ੇਰ ਸਿੰਘ ਸੰਧੂ, ਪ੍ਰੋ ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਅਸ਼ਵਨੀ ਚੈਟਲੇ. ਗੁਰਚਰਨ ਕੌਰ ਕੋਚਰ, ਡਾ. ਦੇਵਿੰਦਰ ਦਿਲਰੂਪ,ਤ੍ਰੈਲੋਚਨ ਲੋਚੀ, ਕਿਰਪਾਲ ਕਜ਼ਾਕ, ਡਾ ਸੁਖਦੇਵ ਸਿੰਘ ਸਿਰਸਾ, ਡਾ ਸੁਰਜੀਤ ਸਿੰਘ ਪਟਿਆਲਾ, ਅਮਰਜੀਤ ਗਰੇਵਾਲ, ਸਵਰਨਜੀਤ ਸਵੀ, ਪ੍ਰੋ. ਜਗਮੋਹਨ ਸਿੰਘ , ਡਾ. ਸੁਖਜੀਤ ਕੌਰ ਔਜਲਾ, ਸੁਰਿੰਦਰ ਗੀਤ,ਦੇਵਿੰਦਰ ਕੌਰ ਸੈਣੀ, ਪ੍ਰੋ. ਸੰਤੋਖ ਸਿੰਘ ਔਜਲਾ,ਡਾ. ਪਰਮਜੀਤ ਸਿੰਘ ਰੋਮਾਣਾ, ਕਰਨਜੀਵ ਸਿੰਘ ਓ ਐੱਸ ਡੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ, ਸ਼ਰਨਜੀਤ ਮਣਕੂ, ਡਾ. ਬਿਕਰਮਜੀਤ, ਡਾ. ਰਵਿੰਦਰ ਬਟਾਲਾ, ਪੂਰਨ ਪਿਆਸਾ, ਕਮਲਜੀਤ ਨੀਲੋਂ, ਮਨਜਿੰਦਰ ਧਨੋਆ,ਬਲਵਿੰਦਰ ਗਰੇਵਾਲ, ਹਰਵਿੰਦਰ ਚੰਡੀਗੜ੍ਹ, ਡਾ, ਨਰੇਸ਼ ਕੁਮਾਰ ਧਰਮਸ਼ਾਲਾ, ਡਾ. ਜਗੀਰ ਸਿੰਘ ਨੂਰ, ਜਸਬੀਰ ਜੱਸੀ ਸੰਪਾਦਕ ਸੁਰਖ ਲੀਹ, ਬਲਵਿੰਦਰ ਗਰੇਵਾਲ, ਗੁਰਪ੍ਰੀਤ ਖੰਨਾ, ਹਰਚਰਨ ਬੈਂਸ, ਡਾ. ਜਗਦੀਸ਼ ਕੌਰ, ਡਾ. ਨਰਿੰਦਰਪਾਲ ਸਿੰਘ ਪੀਏ ਯੂ, ਡਾ. ਏ ਪੀ ਸਿੰਘ,ਐੱਸ ਪੀ ਸਿੰਘ ਦਲੀਲ ਵਾਲਾ,ਡਾ. ਆਤਮ ਰੰਧਾਵਾ, ਡਾ. ਗੁਲਜ਼ਾਰ ਪੰਧੇਰ, ਜਨ ਸਕੱਤਰ, ਪੰਜਾਬੀ ਸਾਹਿੱਤ ਅਕਾਡਮੀ, ਗੁਰੂ ਨਾਨਕ ਯੂਨੀਵਰਸਿਟੀ ਤੋਂ ਡਾ. ਮਨਜਿੰਦਰ ਸਿੰਘ, ਡਾ. ਬਲਜੀਤ ਕੌਰ ਰਿਆੜ, ਡਾ. ਗੁਰਬੀਰ ਸਿੰਘ ਬਰਾੜ, ਡਾ. ਦਇਆ ਸਿੰਘ, ਤਰਨਜੀਤ ਕੌਰ ਸਾਬਕਾ ਸੰਪਾਦਕ ਸੁਰਤਾਲ ਤੇ ਭੁਪਿੰਦਰ ਦੂਲੇਅ ਟੋਰੰਟੋ, ਗੁਰਮੀਤ ਹਯਾਤਪੁਰੀ ਅਮਰੀਕਾ,ਡਾ. ਅਨੁਰਾਗ ਸਿੰਘ, ਡਾ. ਚਰਨਕੰਵਲ ਸਿੰਘ,ਡਾ. ਦੀਪਕ ਮਨਮੋਹਨ ਸਿੰਘ,ਦਰਸ਼ਨ ਬੁੱਟਰ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ,ਸੁਸ਼ੀਲ ਦੋਸਾਂਝ ਜਨਰਲ ਸਕੱਤਰ, ਦੀਪ ਦੇਵਿੰਦਰ ਸਿੰਘ ਦਫ਼ਤਰ ਸਕੱਤਰ,ਸ਼ੈਲਿੰਦਰਜੀਤ ਸਿੰਘ ਰਾਜਨ, ਡਾ. ਸੁਰਜੀਤ ਸਿੰਘ ਭੱਟੀ, ਦਰਸ਼ਨ ਸਿੰਘ ਆਸ਼ਟ, ਮਨਜੀਤ ਪੁਰੀ, ਡਾ. ਸੁਰਿੰਦਰ ਕੌਰ ਭੱਠਲ, ਪ੍ਰਿੰਸੀਪਲ ਮਨਜੀਤ ਸੋਢੀਆ, ਪ੍ਰਿੰਸੀਪਲ ਅਮਰਜੀਤ ਸਿੰਘ ਗਰੇਵਾਲ,ਸੁਰਿੰਦਰ ਕੈਲੇ, ਦੀਪ ਜਗਦੀਪ ਸਿੰਘ, ਬਲਬੀਰ ਕੌਰ ਰਾਏਕੋਟੀ, ਇੰਦਰਜੀਤ ਪਾਲ ਭਿੰਡਰ, ਸੁਰਿੰਦਰਦੀਪ, ਸੁਮਿਤ ਗੁਲਾਟੀ, ਸ਼ਿਵਿੰਦਰ ਸਿੰਘ ਸੂਹੀ ਸਵੇਰ,ਰਘਬੀਰ ਸਿੰਘ , ਹਰਮੋਹਨ ਸਿੰਘ ਗੁੱਡੂ, ਦਰਸ਼ਨ ਸਿੰਘ ਮੱਕੜ, ਬਲਜੀਤ ਬੱਲੀ, ਡਿਪਟੀ ਕਮਿਸ਼ਨਰ ਇੰਕਮ ਟੈਕਸ ਅਨੁਰਾਗ ਸਿੰਘ,ਡਾ. ਅਜੀਤਪਾਲ ਸਿੰਘ ਜਟਾਣਾ, ਬੇਅੰਤ ਕੌਰ ਗਿੱਲ,ਅਮਰ ਘੋਲ਼ੀਆ, ਡਾ. ਜਸਵਿੰਦਰ ਸਿੰਘ ਵਿਰਕ ਡਿਪਟੀ ਡੀ ਓ, ਸਹਿਜਪ੍ਰੀਤ ਸਿੰਘ ਮਾਂਗਟ, ਕੰਵਲਜੀਤ ਸਿੰਘ ਸ਼ੰਕਰ,ਨਾਮਧਾਰੀ ਸੂਬਾ ਹਰਭਜਨ ਸਿੰਘ ਓਸਟਰ ਤੇ ਸਾਥੀ, ਹਰੀਸ਼ ਜੈਨ, ਸੁਰਿੰਦਰ ਗਿੱਲ, ਡਾ ਸਵਰਾਜਬੀਰ, ਪੰਜਾਬੀ ਜਾਗਰਣ ਦੇ ਸੰਪਾਦਕ ਵਰਿੰਦਰ ਵਾਲੀਆ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਅਰਵਿੰਦਰ ਕੌਰ ਜੌਹਲ, ਅਜੀਤ ਦੇ ਕਾਰਜਕਾਰੀ ਸੰਪਾਦਕ ਸਤਨਾਮ ਮਾਣਕ, ਪੰਜਾਬ ਕਲਾ ਪਰਿਸ਼ਦ ਤੋਂ ਪ੍ਰੋ ਯੋਗਰਾਜ ਅੰਗਰੀਸ਼, ਡਾ ਸਰਬਜੀਤ ਕੌਰ ਸੋਹਲ, ਕੇਵਲ ਧਾਲੀਵਾਲ, ਦੀਵਾਨ ਮਾਨਾ, ਪ੍ਰੀਤਮ ਰੁਪਾਲ, ਡਾ ਨਿਰਮਲ ਜੌੜਾ, ਦੇਸ਼ ਭਗਤ ਯਾਦਗਾਰ ਹਾਲ ਤੋਂ ਅਮੋਲਕ ਸਿੰਘ, ਗੁਰਪ੍ਰੀਤ ਸਿੰਘ ਤੂਰ, ਤੇਜ ਸਿੰਘ ਪ੍ਰਤਾਪ ਸੰਧੂ, ਤੇਜਾ ਸਿੰਘ ਤਿਲਕ, ਦੀਪਕ ਸ਼ਰਮਾ ਚਨਾਰਥਲ, ਐਡਵੋਕੇਟ ਹਰਪ੍ਰੀਤ ਸੰਧੂ, ਰਵਿੰਦਰ ਰੰਗੂਵਾਲ, ਨਿੰਦਰ ਘੁਗਿਆਣਵੀ, ਡਾ.ਬਲਵਿੰਦਰ ਸਿੰਘ ਲੱਖੇਵਾਲੀ, ਹਰਪ੍ਰੀਤ ਸਿੰਘ ਸਿੱਧੂ, ਡਾ. ਬਲਦੇਵ ਸਿੰਘ ਨੌਰਥ, ਡਾ. ਅਨਿਲ ਸ਼ਰਮਾ ਪੀ ਏ ਯੂ, ਫਿਲਮ ਤੇ ਸੰਗੀਤ ਜਗਤ ਵਿੱਚੋਂ ਇਰਸ਼ਾਦ ਕਾਮਿਲ ਮੁੰਬਈ,ਅਮਰ ਨੂਰੀ,ਦੇਵ ਦਿਲਦਾਰ, ਪੰਮੀ ਬਾਈ, ਜੀ ਐੱਸ ਪੀਟਰ, ਗੁਰਪ੍ਰੀਤ ਘੁੱਗੀ, ਜਸਵੰਤ ਸੰਦੀਲਾ, ਡਾ. ਵੀਰ ਸੁਖਵੰਤ,ਦੇਬੀ ਮਕਸੂਸਪੁਰੀ,ਤੇਜਵੰਤ ਕਿੱਟੂ, ਤਰਨਜੀਤ ਸਿੰਘ ਕਿੰਨੜਾ, ਸਰਬਜੀਤ ਵਿਰਦੀ, ਬਿੱਲਾ ਲਸੋਈ ਵਾਲਾ,ਦਲਜੀਤ ਸਿੰਘ ਬਾਗੀ ਆਦਿ ਹਾਜ਼ਰ ਸਨ।

# ਤਿੰਨ ਸਾਧੂ




ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਲੀਓ ਟਾਲਸਟਾਏ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ

ਰੂਸ ਦੇ ਆਰਥੋਡੌਕਸ ਚਰਚ ਦੇ ਪਾਦਰੀ ਨੂੰ ਇਹ ਪਤਾ ਲੱਗਿਆ ਕਿ ਉਹਦੇ ਨਿਯਮਿਤ ਪ੍ਰਵਚਨ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕ ਇੱਕ ਝੀਲ ਕੋਲ ਜਾਣ ਲੱਗ ਪਏ ਹਨ। ਉਸ ਝੀਲ ਵਿੱਚ ਇੱਕ ਛੋਟਾ ਜਿਹਾ ਟਾਪੂ ਸੀ, ਜਿੱਥੇ ਇੱਕ ਰੁੱਖ ਹੇਠਾਂ ਤਿੰਨ ਬੁੱਢੇ ਰਹਿੰਦੇ ਸਨ। ਪਿੰਡ ਵਾਲਿਆਂ ਦਾ ਕਹਿਣਾ ਸੀ ਕਿ ਉਹ ਤਿੰਨੇ ਸੰਤ ਹਨ। ਪਾਦਰੀ ਨੂੰ ਇਹ ਗੱਲ ਬੜੀ ਅਜੀਬ ਲੱਗੀ, ਕਿਉਂਕਿ ਈਸਾਈ ਧਰਮ ਵਿੱਚ ਸੰਤ ਸਿਰਫ ਉਨ੍ਹਾਂ ਨੂੰ ਹੀ ਮੰਨਿਆ ਜਾਂਦਾ ਸੀ ਜਿਨ੍ਹਾਂ ਨੂੰ ਵੈਟੀਕਨ ਵੱਲੋਂ ਪ੍ਰਮਾਣਿਕ ਤੌਰ ਤੇ ਸੰਤ ਘੋਸ਼ਿਤ ਕੀਤਾ ਗਿਆ ਹੋਵੇ।

ਪਾਦਰੀ ਗੁੱਸੇ ਵਿੱਚ ਬੋਲਿਆ, "ਉਹ ਸੰਤ ਕਿਵੇਂ ਹੋ ਸਕਦੇ ਹਨ? ਮੈਂ ਸਾਲਾਂ ਤੋਂ ਕਿਸੇ ਨੂੰ ਵੀ ਸੰਤਤਾਈ ਦੀ ਪਦਵੀ ਲਈ ਐਲਾਨ ਨਹੀਂ ਕੀਤਾ ਹੈ। ਉਹ ਕੌਣ ਹਨ ਤੇ ਕਿੱਥੋਂ ਆਏ ਹਨ?" ਪਰ ਆਮ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਜਾਂਦੇ ਰਹੇ ਅਤੇ ਚਰਚ ਵਿੱਚ ਆਉਣ ਵਾਲਿਆਂ ਦੀ ਗਿਣਤੀ ਘੱਟ ਹੁੰਦੀ ਗਈ।

ਆਖਰਕਾਰ ਪਾਦਰੀ ਨੇ ਇਹ ਫੈਸਲਾ ਕੀਤਾ ਕਿ ਉਹ ਉਨ੍ਹਾਂ ਤਿੰਨਾਂ ਨੂੰ ਵੇਖਣ ਜਾਵੇਗਾ। ਉਹ ਕਿਸ਼ਤੀ ਵਿੱਚ ਬੈਠ ਕੇ ਟਾਪੂ ਵੱਲ ਗਿਆ। ਉਹ ਤਿੰਨੇ ਉੱਥੇ ਮਿਲ ਗਏ। ਉਹ ਬਹੁਤ ਸਧਾਰਨ, ਅਨਪੜ੍ਹ ਅਤੇ ਪੇਂਡੂਆਂ ਵਰਗੇ ਸਨ। ਦੂਜੇ ਪਾਸੇ ਪਾਦਰੀ ਬਹੁਤ ਸ਼ਕਤੀਸ਼ਾਲੀ ਆਦਮੀ ਸੀ। ਰੂਸ ਦੇ ਜ਼ਾਰ (ਬਾਦਸ਼ਾਹ) ਪਿੱਛੋਂ ਉਸ ਖੇਤਰ ਦਾ ਸਭ ਤੋਂ ਮਹੱਤਵਪੂਰਣ ਆਦਮੀ ਸੀ ਉਹ। ਉਨ੍ਹਾਂ ਤਿੰਨਾਂ ਨੂੰ ਵੇਖ ਕੇ ਉਹ ਖਿਝ ਗਿਆ, "ਤੁਹਾਨੂੰ ਸੰਤ ਕੀਹਨੇ ਬਣਾਇਐ?" ਉਹਨੇ ਪੁੱਛਿਆ। ਉਹ ਤਿੰਨੇ ਇੱਕ-ਦੂਜੇ ਦਾ ਮੂੰਹ ਵੇਖਣ ਲੱਗੇ। ਉਨ੍ਹਾਂ 'ਚੋਂ ਇੱਕ ਨੇ ਕਿਹਾ, "ਕਿਸੇ ਨੇ ਨਹੀਂ। ਅਸੀਂ ਖੁਦ ਨੂੰ ਸੰਤ ਨਹੀਂ ਮੰਨਦੇ। ਅਸੀਂ ਤਾਂ ਸਧਾਰਨ ਬੰਦੇ ਹਾਂ।"

"ਤਾਂ ਫਿਰ ਤੁਹਾਨੂੰ ਵੇਖਣ ਲਈ ਇੰਨੇ ਸਾਰੇ ਲੋਕ ਕਿਉਂ ਆ ਰਹੇ ਹਨ?"

"ਇਹ ਤਾਂ ਤੁਸੀਂ ਉਨ੍ਹਾਂ ਤੋਂ ਹੀ ਪੁੱਛੋ।" ਉਹ ਬੋਲੇ।

"ਕੀ ਤੁਹਾਨੂੰ ਚਰਚ ਦੀ ਪ੍ਰਮਾਣਿਕ ਪ੍ਰਾਰਥਨਾ ਆਉਂਦੀ ਹੈ?"

"ਨਹੀਂ, ਅਸੀਂ ਤਾਂ ਅਨਪੜ੍ਹ ਹਾਂ ਤੇ ਉਹ ਪ੍ਰਾਰਥਨਾ ਬਹੁਤ ਲੰਮੀ ਹੈ। ਅਸੀਂ ਉਹਨੂੰ ਯਾਦ ਨਹੀਂ ਕਰ ਸਕੇ।"

"ਤਾਂ ਫਿਰ ਤੁਸੀਂ ਕਿਹੜੀ ਪ੍ਰਾਰਥਨਾ ਪੜ੍ਹਦੇ ਹੋ?"

ਉਨ੍ਹਾਂ ਤਿੰਨਾਂ ਨੇ ਇੱਕ-ਦੂਜੇ ਵੱਲ ਵੇਖਿਆ। "ਤੂੰ ਦੱਸ ਦੇ।" ਇੱਕ ਨੇ ਕਿਹਾ।

"ਤੂੰ ਹੀ ਦੱਸ ਦੇ ਯਾਰ!" ਉਹ ਆਪਸ ਵਿੱਚ ਕਹਿੰਦੇ ਰਹੇ।

ਪਾਦਰੀ ਖਿਝ ਗਿਆ। 'ਇਨ੍ਹਾਂ ਲੋਕਾਂ ਨੂੰ ਪ੍ਰਾਰਥਨਾ ਕਰਨੀ ਵੀ ਨਹੀਂ ਆਉਂਦੀ। ਕਿਹੋ ਜਿਹੇ ਸੰਤ ਹਨ ਇਹ!' ਉਹਨੇ ਮਨ ਵਿੱਚ ਸੋਚਿਆ। ਉਹ ਬੋਲਿਆ, "ਤੁਹਾਡੇ 'ਚੋਂ ਕੋਈ ਵੀ ਸੁਣਾ ਸਕਦਾ ਹੈ! ਛੇਤੀ ਬੋਲੋ।"

ਉਹ ਬੋਲੇ, "ਅਸੀਂ ਤੁਹਾਡੇ ਸਾਹਮਣੇ ਬਹੁਤ ਹੀ ਸਧਾਰਨ ਆਦਮੀ ਹਾਂ। ਅਸੀਂ ਆਪ ਹੀ ਇੱਕ ਪ੍ਰਾਰਥਨਾ ਬਣਾਈ ਹੈ ਪਰ ਸਾਨੂੰ ਇਹ ਨਹੀਂ ਪਤਾ ਕਿ ਇਸ ਪ੍ਰਾਰਥਨਾ ਲਈ ਚਰਚ ਦੀ ਮਨਜ਼ੂਰੀ ਲੈਣੀ ਵੀ ਜ਼ਰੂਰੀ ਹੈ? ਸਾਡੀ ਪ੍ਰਾਰਥਨਾ ਬਹੁਤ ਹੀ ਸਧਾਰਨ ਹੈ। ਸਾਨੂੰ ਮਾਫ਼ ਕਰ ਦੇਣਾ ਕਿ ਅਸੀਂ ਤੁਹਾਡੀ ਮਨਜ਼ੂਰੀ ਨਹੀਂ ਲੈ ਸਕੇ। ਅਸੀਂ ਇੰਨੇ ਸੰਕੋਚੀ ਹਾਂ ਕਿ ਅਸੀਂ ਆ ਹੀ ਨਹੀਂ ਸਕੇ।"

"ਸਾਡੀ ਪ੍ਰਾਰਥਨਾ ਹੈ- 'ਈਸ਼ਵਰ ਤਿੰਨ ਹਨ ਅਤੇ ਅਸੀਂ ਵੀ ਤਿੰਨ ਹਾਂ। ਤੁਸੀਂ ਤਿੰਨ ਹੋ ਅਤੇ ਅਸੀਂ ਤਿੰਨ ਹਾਂ। ਸਾਡੇ ਤੇ ਦਇਆ ਕਰੋ।' ਬਸ ਇਹੋ ਹੈ ਸਾਡੀ ਪ੍ਰਾਰਥਨਾ।"

ਪਾਦਰੀ ਗੁੱਸੇ ਵਿੱਚ ਬੋਲਿਆ, "ਇਹ ਪ੍ਰਾਰਥਨਾ ਨਹੀਂ ਹੈ। ਮੈਂ ਅਜਿਹੀ ਪ੍ਰਾਰਥਨਾ ਕਦੇ ਨਹੀਂ ਸੁਣੀ।"

ਉਹ ਬੋਲੇ, "ਤੁਸੀਂ ਸਾਨੂੰ ਸੱਚੀ ਪ੍ਰਾਰਥਨਾ ਕਰਨੀ ਸਿਖਾ ਦਿਓ। ਅਸੀਂ ਤਾਂ ਹੁਣ ਤੱਕ ਇਹੋ ਸਮਝਦੇ ਸਾਂ ਕਿ ਸਾਡੀ ਪ੍ਰਾਰਥਨਾ ਵਿੱਚ ਕੋਈ ਕਮੀ ਨਹੀਂ ਹੈ- 'ਈਸ਼ਵਰ ਤਿੰਨ ਹਨ ਅਤੇ ਅਸੀਂ ਵੀ ਤਿੰਨ ਹਾਂ'- ਹੋਰ ਭਲਾ ਕੀ ਚਾਹੀਦਾ ਹੈ? ਬਸ ਈਸ਼ਵਰ ਦੀ ਕਿਰਪਾ ਹੀ ਤਾਂ ਚਾਹੀਦੀ ਹੈ।"

ਉਨ੍ਹਾਂ ਦੇ ਕਹਿਣ ਤੇ ਪਾਦਰੀ ਨੇ ਉਨ੍ਹਾਂ ਨੂੰ ਚਰਚ ਦੀ ਪ੍ਰਵਾਣਿਤ ਪ੍ਰਾਰਥਨਾ ਦੱਸੀ ਅਤੇ ਉਹਨੂੰ ਪੜ੍ਹਨ ਦਾ ਤਰੀਕਾ ਵੀ ਦੱਸਿਆ। ਪ੍ਰਾਰਥਨਾ ਕਾਫੀ ਲੰਮੀ ਸੀ ਅਤੇ ਉਹਦੇ ਖਤਮ ਹੋਣ ਤੇ ਉਨ੍ਹਾਂ 'ਚੋਂ ਇੱਕ ਨੇ ਕਿਹਾ, "ਅਸੀਂ ਸ਼ੁਰੂ ਦਾ ਹਿੱਸਾ ਭੁੱਲ ਗਏ ਹਾਂ।" ਪਾਦਰੀ ਨੇ ਉਨ੍ਹਾਂ ਨੂੰ ਦੁਬਾਰਾ ਦੱਸਿਆ। ਫਿਰ ਉਹ ਆਖਰੀ ਹਿੱਸਾ ਭੁੱਲ ਗਏ।

ਪਾਦਰੀ ਖਿਝ ਗਿਆ ਅਤੇ ਬੋਲਿਆ, "ਤੁਸੀਂ ਕਿਹੋ ਜਿਹੇ ਬੰਦੇ ਹੋ? ਤੁਸੀਂ ਇੱਕ ਛੋਟੀ ਜਿਹੀ ਪ੍ਰਾਰਥਨਾ ਵੀ ਯਾਦ ਨਹੀਂ ਕਰ ਸਕਦੇ!"

ਉਹ ਬੋਲੇ, "ਮਾਫ਼ ਕਰਨਾ। ਪਰ ਅਸੀਂ ਅਨਪੜ੍ਹ ਹਾਂ। ਅਤੇ ਸਾਡੇ ਲਈ ਇਹਨੂੰ ਯਾਦ ਕਰਨਾ ਕੁਝ ਮੁਸ਼ਕਿਲ ਹੈ। ਇਸ ਵਿੱਚ ਵੱਡੇ ਵੱਡੇ ਸ਼ਬਦ ਹਨ, ਕਿਰਪਾ ਕਰਕੇ ਧੀਰਜ ਨਾਲ ਸਮਝਾਓ। ਜੇ ਤੁਸੀਂ ਇਹਨੂੰ ਦੋ-ਤਿੰਨ ਵਾਰੀ ਸੁਣਾ ਦਿਓਗੇ ਤਾਂ ਸ਼ਾਇਦ ਇਹ ਸਾਨੂੰ ਯਾਦ ਹੋ ਜਾਏ।" ਪਾਦਰੀ ਨੇ ਉਨ੍ਹਾਂ ਨੂੰ ਤਿੰਨ ਵਾਰੀ ਪ੍ਰਾਰਥਨਾ ਸੁਣਾਈ। ਉਹ ਬੋਲੇ, "ਠੀਕ ਹੈ, ਹੁਣ ਅਸੀਂ ਇਹੋ ਪ੍ਰਾਰਥਨਾ ਕਰਾਂਗੇ। ਹਾਲਾਂਕਿ ਹੋ ਸਕਦਾ ਹੈ ਕਿ ਅਸੀਂ ਇਹਦਾ ਕੁਝ ਹਿੱਸਾ ਬੋਲਣਾ ਭੁੱਲ ਜਾਈਏ, ਪਰ ਅਸੀਂ ਪੂਰੀ ਕੋਸ਼ਿਸ਼ ਕਰਾਂਗੇ।"

ਪਾਦਰੀ ਸੰਤੁਸ਼ਟ ਸੀ ਕਿ ਹੁਣ ਉਹ ਲੋਕਾਂ ਨੂੰ ਜਾ ਕੇ ਦੱਸੇਗਾ ਕਿ ਉਹਦਾ ਵਾਹ ਕਿਹੋ ਜਿਹੇ ਬੇਵਕੂਫ਼ਾਂ ਨਾਲ ਪਿਆ ਸੀ। ਉਹਨੇ ਮਨ ਵਿੱਚ ਸੋਚਿਆ 'ਹੁਣ ਲੋਕਾਂ ਨੂੰ ਜਾ ਕੇ ਦੱਸਾਂਗਾ ਕਿ ਜਿਨ੍ਹਾਂ ਨੂੰ ਉਹ ਸੰਤ ਕਹਿੰਦੇ ਹਨ, ਉਨ੍ਹਾਂ ਨੂੰ ਤਾਂ ਧਰਮ ਦਾ ੳ, ਅ ਵੀ ਨਹੀਂ ਪਤਾ। ਅਤੇ ਉਹ ਇਹੋ ਜਿਹੇ ਮੂਰਖਾਂ ਦੇ ਦਰਸ਼ਨ ਕਰਨ ਜਾਂਦੇ ਹਨ।'

ਇਹ ਸੋਚ ਕੇ ਉਹ ਕਿਸ਼ਤੀ ਵਿੱਚ ਜਾ ਕੇ ਬਹਿ ਗਿਆ। ਕਿਸ਼ਤੀ ਚੱਲਣ ਲੱਗੀ ਅਤੇ ਉਹ ਅਜੇ ਝੀਲ ਦੇ ਅੱਧ ਵਿੱਚ ਹੀ ਸੀ ਕਿ ਉਹਦੇ ਪਿੱਛੇ ਉਨ੍ਹਾਂ ਤਿੰਨਾਂ ਦੀ ਅਵਾਜ਼ ਸੁਣਾਈ ਦਿੱਤੀ। ਉਹਨੇ ਮੁੜ ਕੇ ਵੇਖਿਆ, ਉਹ ਤਿੰਨੇ ਪਾਣੀ ਤੇ ਦੌੜਦੇ ਹੋਏ ਕਿਸ਼ਤੀ ਵੱਲ ਆ ਰਹੇ ਸਨ। ਉਹਨੂੰ ਆਪਣੀਆਂ ਅੱਖਾਂ ਤੇ ਯਕੀਨ ਨਾ ਹੋਇਆ। ਉਹ ਪਾਣੀ ਤੇ ਦੌੜਦੇ ਹੋਏ ਆਏ ਅਤੇ ਕਿਸ਼ਤੀ ਕੋਲ ਆ ਕੇ ਪਾਣੀ ਵਿੱਚ ਖੜ੍ਹੇ ਹੋ ਕੇ ਬੋਲੇ, "ਖਿਮਾ ਕਰਨਾ, ਅਸੀਂ ਤੁਹਾਨੂੰ ਤਕਲੀਫ਼ ਦਿੱਤੀ। ਕਿਰਪਾ ਕਰਕੇ ਚਰਚ ਦੀ ਪ੍ਰਾਰਥਨਾ ਇੱਕ ਵਾਰ ਫੇਰ ਦੁਹਰਾ ਦਿਓ, ਅਸੀਂ ਕੁਝ ਭੁੱਲ ਗਏ ਹਾਂ।"

ਪਾਦਰੀ ਨੇ ਕਿਹਾ, "ਤੁਸੀਂ ਆਪਣੀ ਪ੍ਰਾਰਥਨਾ ਹੀ ਪੜ੍ਹੋ। ਮੈਂ ਤੁਹਾਨੂੰ ਜੋ ਕੁਝ ਵੀ ਦੱਸਿਆ ਸੀ, ਉਸ ਤੇ ਧਿਆਨ ਨਾ ਦਿਓ। ਮੈਨੂੰ ਮਾਫ਼ ਕਰ ਦਿਓ, ਮੈਂ ਬਹੁਤ ਹੰਕਾਰੀ ਹਾਂ। ਮੈਂ ਤੁਹਾਡੀ ਸਰਲਤਾ ਅਤੇ ਪਵਿੱਤਰਤਾ ਨੂੰ ਛੋਹ ਵੀ ਨਹੀਂ ਸਕਦਾ। ਜਾਓ, ਚਲੇ ਜਾਓ!"

ਪਰ ਉਹ ਅੜ ਗਏ। "ਨਹੀਂ, ਅਜਿਹਾ ਨਾ ਕਹੋ। ਤੁਸੀਂ ਇੰਨੀ ਦੂਰੋਂ ਸਾਡੇ ਲਈ ਆਏ, ਬਸ ਇੱਕ ਵਾਰ ਹੋਰ ਦੁਹਰਾ ਦਿਓ। ਅਸੀਂ ਭੁੱਲ ਗਏ ਹਾਂ। ਪਰ ਐਤਕੀ ਕੋਸ਼ਿਸ਼ ਕਰਾਂਗੇ ਕਿ ਇਹਨੂੰ ਚੰਗੀ ਤਰ੍ਹਾਂ ਯਾਦ ਕਰ ਲਈਏ।"

ਪਰ ਪਾਦਰੀ ਨੇ ਕਿਹਾ, "ਨਹੀਂ ਭਰਾਵੋ! ਮੈਂ ਖੁਦ ਸਾਰੀ ਜ਼ਿੰਦਗੀ ਆਪਣੀ ਪ੍ਰਾਰਥਨਾ ਨੂੰ ਪੜ੍ਹਦਾ ਰਿਹਾ, ਪਰ ਰੱਬ ਨੇ ਉਹਨੂੰ ਕਦੇ ਨਹੀਂ ਸੁਣਿਆ। ਅਸੀਂ ਤਾਂ ਬਾਈਬਲ ਵਿੱਚ ਹੀ ਇਹ ਪੜ੍ਹਦੇ ਸਾਂ ਕਿ ਈਸਾ ਮਸੀਹ ਪਾਣੀ ਤੇ ਚੱਲ ਸਕਦੇ ਸਨ ਪਰ ਅਸੀਂ ਹਮੇਸ਼ਾ ਉਸ ਤੇ ਸ਼ੱਕ ਕਰਦੇ ਰਹੇ। ਅੱਜ ਤੁਹਾਨੂੰ ਪਾਣੀ ਤੇ ਚੱਲਦੇ ਵੇਖ ਕੇ ਮੈਨੂੰ ਹੁਣ ਈਸਾ ਮਸੀਹ ਤੇ ਵਿਸ਼ਵਾਸ ਹੋ ਗਿਆ ਹੈ। ਤੁਸੀਂ ਚਲੇ ਜਾਓ। ਤੁਹਾਡੀ ਪ੍ਰਾਰਥਨਾ ਸੰਪੂਰਨ ਹੈ। ਤੁਹਾਨੂੰ ਕੁਝ ਵੀ ਸਿੱਖਣ ਦੀ ਲੋੜ ਨਹੀਂ ਹੈ।"

# ਸੱਚਾ ਇਨਸਾਨ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਰਾਮਾਨੁਜਾਚਾਰੀਆ ਪ੍ਰਾਚੀਨ ਕਾਲ ਵਿੱਚ ਇੱਕ ਪ੍ਰਸਿੱਧ ਵਿਦਵਾਨ ਸਨ। ਉਨ੍ਹਾਂ ਦਾ ਜਨਮ ਮਦਰਾਸ ਦੇ ਨੇੜੇ ਪੇਰੂਬਦੂਰ ਪਿੰਡ ਵਿੱਚ ਹੋਇਆ। ਬਚਪਨ ਵਿੱਚ ਉਨ੍ਹਾਂ ਨੂੰ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਰਾਮਾਨੁਜ ਦੇ ਗੁਰੂ ਨੇ ਬੜੇ ਪਿਆਰ ਨਾਲ ਸਿੱਖਿਆ ਦਿੱਤੀ। ਪੜ੍ਹਾਈ ਖਤਮ ਹੋਣ ਤੇ ਗੁਰੂ ਨੇ ਕਿਹਾ – "ਪੁੱਤਰ, ਮੈਂ ਤੈਨੂੰ ਇੱਕ ਮੰਤਰ ਦੱਸਦਾ ਹਾਂ। ਇਸ ਮੰਤਰ ਦੇ ਸੁਣਨ ਨਾਲ ਸਵਰਗਲੋਕ ਦੀ ਪ੍ਰਾਪਤੀ ਹੁੰਦੀ ਹੈ।" ਰਾਮਾਨੁਜ ਨੇ ਬੜੀ ਸ਼ਰਧਾ ਨਾਲ ਸਿੱਖਿਆ ਲਈ। ਉਹ ਮੰਤਰ ਸੀ- "ਓਮ ਨਮੋ ਨਾਰਾਇਣਯ:" ਆਸ਼ਰਮ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਚਿਤਾਵਨੀ ਦਿੱਤੀ ਕਿ ਇਹ ਮੰਤਰ ਕਿਸੇ ਅਯੋਗ ਬੰਦੇ ਦੇ ਕੰਨਾਂ ਵਿੱਚ ਨਾ ਪਵੇ।" ਰਾਮਾਨੁਜ ਨੇ ਸੋਚਿਆ – ਇਸ ਮੰਤਰ ਦੀ ਸ਼ਕਤੀ ਕਿੰਨੀ ਵੱਡੀ ਹੈ। ਜੇ ਇਸਨੂੰ ਸਿਰਫ਼ ਸੁਣਨ ਨਾਲ ਹੀ ਸਵਰਗ ਦੀ ਪ੍ਰਾਪਤੀ ਹੋ ਸਕਦੀ ਹੈ ਤਾਂ ਕਿਉਂ ਨਾ ਮੈਂ ਸਾਰਿਆਂ ਨੂੰ ਇਹ ਮੰਤਰ ਸਿਖਾ ਦਿਆਂ! ਉਨ੍ਹਾਂ ਨੇ ਸਮੁੱਚੇ ਰਾਜ ਵਿੱਚ ਉਕਤ ਮੰਤਰ ਦਾ ਜਾਪ ਸ਼ੁਰੂ ਕਰਵਾ ਦਿੱਤਾ। ਸਾਰੇ ਜਣੇ ਉਸ ਮੰਤਰ ਦਾ ਜਾਪ ਕਰਨ ਲੱਗੇ। ਗੁਰੂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੂੰ ਬੜਾ ਗੁੱਸਾ ਆਇਆ। ਰਾਮਾਨੁਜ ਨੇ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਉੱਤਰ ਦਿੱਤਾ – "ਗੁਰੂ ਜੀ, ਇਸ ਮੰਤਰ ਦੇ ਜਾਪ ਨਾਲ ਸਾਰੇ ਸਵਰਗ ਨੂੰ ਚਲੇ ਜਾਣਗੇ। ਸਿਰਫ਼ ਮੈਂ ਹੀ ਨਹੀਂ ਜਾ ਸਕਾਂਗਾ, ਕਿਉਂਕਿ ਮੈਂ ਤੁਹਾਡੀ ਆਗਿਆ ਦਾ ਪਾਲਣ ਨਹੀਂ ਕੀਤਾ। ਸਿਰਫ਼ ਮੈਂ ਹੀ ਨਰਕ ਵਿੱਚ ਜਾਵਾਂਗਾ। ਜੇ ਮੇਰੇ ਨਰਕ ਵਿੱਚ ਜਾਣ ਨਾਲ ਸਭ ਨੂੰ ਸਵਰਗ ਮਿਲਦਾ ਹੈ ਤਾਂ ਇਸ ਵਿੱਚ ਕੀ ਨੁਕਸਾਨ ਹੈ!" ਗੁਰੂ ਜੀ ਨੇ ਸ਼ਿਸ਼ ਦਾ ਜਵਾਬ ਸੁਣ ਕੇ ਉਹਨੂੰ ਗਲੇ ਲਾ ਲਿਆ ਅਤੇ ਬੋਲੇ – "ਪੁੱਤਰ, ਤੂੰ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਤੂੰ ਨਰਕ ਕਿਵੇਂ ਜਾ ਸਕਦਾ ਹੈਂ। ਸਾਰਿਆਂ ਦਾ ਭਲਾ ਸੋਚਣ ਵਾਲਾ ਸਦਾ ਹੀ ਸੁਖੀ ਰਹਿੰਦਾ ਹੈ। ਤੂੰ ਸੱਚੇ ਅਰਥਾਂ ਵਿੱਚ ਆਚਾਰੀਆ ਹੈਂ!" ਰਾਮਾਨੁਜ ਆਪਣੇ ਗੁਰੂ ਦੇ ਚਰਨਾਂ ਵਿੱਚ ਝੁਕ ਗਏ।